**ਪੰਜਾਬ ਸਕੂਲ ਸਿੱਖਿਆ ਬੋਰਡ**

ਵੱਲ

ਸਮੂਹ ਪ੍ਰਿੰਸੀਪਲ ਕਮ ਕੇਂਦਰ ਕੰਟਰੋਲਰ
ਪੰਜਾਬ ਰਾਜ।

ਨੰ ਪਸਸਬ..1028..........ਕੰਪ੍ਰੀ ਮਿਤੀ .28/2/23.ਐਸ.ਏ.ਐਸ.ਨਗਰ

ਵਿਸ਼ਾ:- **ਦਸਵੀਂ ਅਤੇ** ਬਾਰਵੀਂ/ **ਸ੍ਰੇਣੀ ਫਰਵਰੀ/ ਮਾਰਚ** 2023 ਦੀ ਸਲਾਨਾ ਪ੍ਰੀਖਿਆ ਦੇ ਪ੍ਰਸ਼ਨ ਪੱਤਰ ਬੈਂਕਾਂ ਦੀ ਸੇਫ ਕਸਟਡੀ ਵਿੱਚ ਰੱਖ **ਗਏ / ਰੱਖੇ ਜਾਣੇ ਹਨ** ਪ੍ਰੀਖਿਆ ਵਾਲੇ ਦਿਨ **ਤਬਦੀਲ ਕੀਤੇ ਗਏ ਸਮੇਂ ਅਨੁਸਾਰ ਪ੍ਰਾਪਤ ਕਰਨ ਸਬੰਧੀ।**

ਆਪਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਦਸਵੀਂ ਅਤੇ ਬਾਰਵੀਂ ਸ੍ਰੇਣੀ ਫਰਵਰੀ /ਮਾਰਚ 2023 ਦੀ ਪ੍ਰੀਖਿਆ ਦੌਰਾਨ ਜਾਰੀ ਹਦਾਇਤਾਂ ਸਬੰਧੀ ਪੱਤਰ ਨੰ: 1001 ਮਿਤੀ 13.2.2023 ਜਾਰੀ ਕੀਤਾ ਗਿਆ ਜਿਸ ਵਿੱਚ ਦਸਵੀਂ ਸ੍ਰੇਣੀ ਦੇ ਪ੍ਰਸ਼ਨ ਪੱਤਰ ਪ੍ਰਾਪਤ ਕਰਨ ਦਾ ਸਮਾਂ 8.30 ਵਜੇ ਸਵੇਰ ਅਤੇ ਬਾਰਵੀਂ ਸ੍ਰੇਣੀ ਦੇ ਪ੍ਰਸ਼ਨ ਪੱਤਰ ਪ੍ਰਾਪਤ ਕਰਵਾਉਣ ਦਾ ਸਮਾਂ 12.30 ਦੁਪਹਿਰ ਦਰਜ ਕੀਤਾ ਗਿਆ ਹੈ। ਇਸੇ ਤਰਾਂ ਪੱਤਰ ਨੰ: 1016 ਮਿਤੀ 25.2.2023 ਜਾਰੀ ਕਰਦੇ ਹੋਏ ਲਿਖਿਆ ਗਿਆ ਸੀ ਕਿ ਬਾਰਵੀਂ ਸ੍ਰੇਣੀ ਦੇ ਪ੍ਰਸ਼ਨ ਪੱਤਰ ਪ੍ਰੀਖਿਆ ਵਾਲੇ ਦਿਨ 12.30 ਵਜੇ ਦੁਪਹਿਰ ਰੱਖਿਆ ਗਿਆ ਸੀ। ਇਸ ਦਿੱਤੇ ਸਮੇਂ ਵਿੱਚ ਹੁਣ ਤਬਦੀਲੀ ਕੀਤੀ ਗਈ ਹੈ। ਇਸ ਤਬਦੀਲੀ ਅਨੁਸਾਰ ਨਿਮਨਲਿਖਤ ਸਮੇਂ ਅਨੁਸਾਰ ਪ੍ਰਸ਼ਨ ਪੱਤਰ ਬੈਂਕਾਂ ਤੋਂ ਪ੍ਰਾਪਤ ਕੀਤੇ ਜਾਣ:-

1. ਦਸਵੀਂ ਸ੍ਰੇਣੀ ਦੇ ਪ੍ਰਸ਼ਨ ਪੱਤਰ (ਜੋ ਕੇਂਦਰ 3 ਕਿਲੋਮੀਟਰ ਦੇ ਘੇਰੇ ਤੋਂ ਵੱਧ ਹਨ ਉਨਾਂ ਨੂੰ ਪ੍ਰਸ਼ਨ ਪੱਤਰ ਦੇਣ ਦਾ ਸਮਾਂ ਸਵੇਰੇ 8.30 ਤੋਂ 9.00 ਵਜੇ ਸਵੇਰ ਅਤੇ ਜੋ ਕੇਂਦਰ 3 ਕਿਲੋਮੀਟਰ ਦੇ ਘੇਰੇ ਤੋਂ ਘੱਟ ਹਨ ਉਨਾਂ ਨੂੰ ਪ੍ਰਸ਼ਨ ਪੱਤਰ ਦੇਣ ਦਾ ਸਮਾਂ ਸਵੇਰੇ9.00 ਤੋਂ 9.15 ਵਜੇ ਤੱਕ ਹੈ।
2. ਬਾਰਵੀਂ ਸ੍ਰੇਣੀ ਦੇ ਪ੍ਰਸ਼ਨ ਪੱਤਰ (ਜੋ ਕੇਂਦਰ 3 ਕਿਲੋਮੀਟਰ ਦੇ ਘੇਰੇ ਤੋਂ ਵੱਧ ਹਨ ਉਨਾਂ ਨੂੰ ਪ੍ਰਸ਼ਨ ਪੱਤਰ ਦੇਣ ਦਾ ਸਮਾਂ ਦੁਪਹਿਰ 12.30 ਤੋਂ 1.00 ਵਜੇ ਤੱਕ ਅਤੇ ਜਿਹੜੇ ਕੇਂਦਰ 3 ਕਿਲੋਮੀਟਰ ਦੇ ਘੇਰੇ ਦੇ ਅੰਦਰ ਆਉਂਦੇ ਹਨ ਉਨਾਂ ਨੂੰ ਪ੍ਰਸ਼ਨ ਪੱਤਰ ਦੇਣ ਦਾ ਸਮਾਂ ਦੁਪਹਿਰ 1.00 ਤੋਂ 1.15 ਵਜੇ ਤੱਕ ਹੈ।
3. ਸਮੇਂ ਦੀ ਤਬਦੀਲੀ ਤੋਂ ਇਲਾਵਾਂ ਪਹਿਲਾਂ ਜਾਰੀ ਪੱਤਰ ਵਿੱਚ ਹੋਰ ਦਿੱਤੀਆਂ ਹਦਾਇਤਾਂ ਪਹਿਲਾਂ ਵਾਲੀਆਂ ਹੀ ਹਨ ਇਨਾਂ ਦੀ ਇੰਨ ਬਿੰਨ ਪਾਲਣਾ ਕੀਤੀ ਜਾਵੇ।
4. ਨਾਲ ਨੱਥੀ ਪ੍ਰੋਫਾਰਮੇ ਵਿੱਚ ਦਰਜ ਸੂਚਨਾ ਹਰ ਰੋਜ਼ ਦਸਵੀਂ ਸ੍ਰੇਣੀ ਸਵੇਰੇ 10.30 ਵਜੇ ਅਤੇ ਬਾਰਵੀਂ ਸ੍ਰੇਣੀ2.30 ਵਜੇ ਮੇਲ ਆਈ.ਡੀ.conductpseb@gmail.com ਤੇ ਰਿਪੋਰਟ ਕੀਤੀ ਜਾਵੇ।

ਸਹੀ/-
ਕੰਟਰੋਲਰ (ਪ੍ਰੀਖਿਆਵਾਂ)
ਪੰਜਾਬ ਸਕੂਲ ਸਿੱਖਿਆ ਬੋਰਡ।

ਉਤਾਰਾ:ਸਮੂਹ ਜਿਲਾ ਸਿੱਖਿਆ ਅਫਸਰ ਨੂੰ ਪੱਤਰ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਪ੍ਰੀਖਿਆ ਦੇ ਕਿਸੇ ਵੀ ਵਿਸ਼ੇ ਦੇ ਸੀਲਬੰਦ ਪੈਕਟ ਨੂੰ ਨਿਸ਼ਚਿਤ ਸਮੇਂ ਤੋਂ ਪਹਿਲਾਂ ਨੁਕਸਾਨ ਹੁੰਦਾ ਹੈ, ਪੇਪਰ ਲੀਕ ਹੁੰਦਾ ਹੈ, ਤਾਂ ਪ੍ਰਿੰਸੀਪਲ ਕਮ-ਕੇਂਦਰ ਕੰਟਰੋਲਰ, ਜਿਲਾ ਸਿੱਖਿਆ ਅਫਸਰ, ਬੈਂਕਾਂ ਦਾ ਅਮਲਾ , ਸਖਤ ਕਾਰਵਾਈ ਦੇ ਭਾਗੀਦਾਰ ਹਨ।

28.2.2023

ਕੰਟਰੋਲਰ ( ਪ੍ਰੀਖਿਆਵਾਂ)
ਪੰਜਾਬ ਸਕੂਲ ਸਿੱਖਿਆ ਬੋਰਡ।

## ਪੰਜਾਬ ਸਕੂਲ ਸਿੱਖਿਆ ਬੋਰਡ

ਦਸਵੀਂ ਅਤੇ ਬਾਰ੍ਹਵੀਂ ਸ਼ੇਣੀ ਪਰੀਖਿਆ ਫਰਵਰੀ / ਮਾਰਚ 2023 ਦੇ ਪ੍ਰਸ਼ਨ–ਪੱਤਰਾਂ ਪ੍ਰਾਪਤ ਕਰਨ ਲਈ ਕੇਂਦਰ ਸੁਪਰਡੈਂਟ ਵਲੋਂ ਹਰ ਰੋਜ ਭਰੇ ਜਾਣ ਵਾਲਾ ਸਰਟੀਫਿਕੇਟ ਈ-ਮੇਲ ਆਈ.ਡੀ. conductpseb@gmail.com ਤੇ ਰਿਪੋਰਟ ਦਸਵੀਂ ਸ਼੍ਰੇਣੀ ਲਈ ਸਵੇਰੇ 10:30 ਵਜੇ ਅਤੇ ਬਾਰ੍ਹਵੀਂ ਸ਼੍ਰੇਣੀ ਲਈ ਬਾ.ਦੁ 02:30 ਵਜੇ ਭੇਜੀ ਜਾਵੇ।

ਜਿਲ੍ਹਾ-.................................. ਵਿਸ਼ਾ-............................ ਮਿਤੀ ..........................

| **ਪਰੀਖਿਆ ਕੇਂਦਰ ਦਾ ਨਾਮ / ਕੋਡ** | **ਪ੍ਰਸ਼ਨ-ਪੱਤਰਾਂ ਦੇ ਪੈਕਟਾਂ ਦੀ ਸਥਿਤੀ** (ਸ਼ੀਲ ਬੰਦ ਜਾਂ ਫਟਿਆ/ ਕਟਿਆ/ ਖੁੱਲਾ ਪੈਕਿਟ) | **ਪ੍ਰਸ਼ਨ-ਪੱਤਰ ਦਾ ਪੈਕਿਟ ਰੋਜਾਨਾ ਪ੍ਰਾਪਤ ਕਰਨ ਵਾਲੇ ਦਾ ਨਾਮ** | **ਕੇਂਦਰ ਸੁਪਰਡੰਟ ਨੂੰ ਪ੍ਰਸ਼ਨ ਪੱਤਰ ਸੌਪਣ ਦਾ ਸਮਾਂ** | **ਪੂਰੇ ਹਸਤਾਖਰ ਅਤੇ ਮੋਬਾਇਲ ਨੰਬਰ** | **ਵਿਸੇਸ਼ ਕਥਨ** |
|---|---|---|---|---|---|
| | | | | | |
| | | | | | |

**ਬੈਂਕ ਮੈਨੇਜਰ /** ਕੇਂਦਰ ਕੰਟਰੋਲਰ ਦੇ ਪੂਰੇ ਹਸਤਾਖਰ
ਅਤੇ ਮੋਬਾਇਲ ਨੰਬਰ

ਕੇਂਦਰ ਕੰਟਰੋਲਰ ਦੇ ਪੂਰੇ ਹਸਤਾਖਰ
ਅਤੇ ਮੋਬਾਇਲ ਨੰਬਰ